# ਚਾਈਲਡ ਰਿਸਟ੍ਰੈਂਟਸ ਜਾਨ ਬਚਾਉਂਦੇ ਹਨ



ਇਹ ਕਾਨੂੰਨ ਹੈ ਕਿ ਵਾਹਨ ਵਿੱਚ ਯਾਤਰਾ ਕਰਨ ਵੇਲੇ ਸੱਤ ਸਾਲ ਤੋਂ ਘੱਟ ਉਮਰ ਦੇ ਸਾਰੇ ਬੱਚਿਆਂ ਨੂੰ ਇੱਕ ਪ੍ਰਵਾਨਿਤ ਚਾਈਲਡ ਰਿਸਟ੍ਰੈਂਟ ਵਿੱਚ ਸੁਰੱਖਿਅਤ ਕੀਤਾ ਜਾਣਾ ਲਾਜਮੀ ਹੈ। ਸੱਤ ਸਾਲ ਦੀ ਉਮਰ ਦੇ ਬੱਚਿਆਂ ਨੂੰ ਇੱਕ ਪ੍ਰਵਾਨਿਤ ਚਾਈਲਡ ਰਿਸਟ੍ਰੈਂਟ ਵਿੱਚ ਸੁਰੱਖਿਅਤ ਕੀਤਾ ਜਾਣਾ ਲਾਜਮੀ ਹੈ ਜੇਕਰ ਕੋਈ ਵਾਹਨ ਵਿੱਚ ਉਪਲਬਧ ਹੈ, ਅਤੇ ਜੇ ਨਹੀਂ, ਤਾਂ ਕਿਸੇ ਵੀ ਚਾਈਲਡ ਰਿਸਟ੍ਰੈਂਟ ਜਾਂ ਸੀਟ ਬੈਲਟ ਨਾਲ ਜੋ ਉਪਲਬਧ ਹੈ।

NZ TRANSPORT AGENCY
WAKA KOTAHI

Te Kāwanatanga o Aotearoa
New Zealand Government

# ਪੜਾਅ 1

## ਪਿੱਛੇ ਮੂੰਹ ਵਾਲਾ ਚਾਈਲਡ ਰਿਸਟ੍ਰੈਂਟ



### ਇੰਸਟਾਲ ਕਰਨਾ

- ਹਮੇਸ਼ਾ ਚਾਈਲਡ ਰਿਸਟ੍ਰੈਂਟ ਇਸ ਤਰ੍ਹਾਂ ਸਥਾਪਿਤ ਕਰੋ ਤਾਂ ਕਿ ਬੱਚੇ ਦਾ ਮੂੰਹ ਕਾਰ ਦੇ ਪਿਛਲੇ ਪਾਸੇ ਵੱਲ ਹੋਵੇ।
- ਜੇਕਰ ਸਾਹਮਣੇ ਐਕਟਿਵ ਏਅਰਬੈਗ ਲੱਗਿਆ ਹੈ ਤਾਂ ਕਦੇ ਵੀ ਛੋਟੇ ਬੱਚਿਆਂ ਦੇ ਪਿੱਛੇ ਮੂੰਹ ਵਾਲੇ ਚਾਈਲਡ ਰਿਸਟ੍ਰੈਂਟ ਨੂੰ ਅਗਲੀ ਸੀਟ ਤੇ ਨਹੀਂ ਰੱਖਿਆ ਜਾਣਾ ਚਾਹੀਦਾ ਹੈ।

### ਵਰਤੋਂ ਕਰਨਾ

- ਜੇਕਰ ਚੈਸਟ ਕਲਿੱਪ ਹੈ, ਤਾਂ ਯਕੀਨੀ ਬਣਾਓ ਕਿ ਕਲਿੱਪ ਬੱਚੇ ਦੀ ਕੱਛ ਦੇ ਪੱਧਰ 'ਤੇ ਲੱਗਿਆ ਹੈ।
- ਬੱਚਿਆਂ ਉੱਤੇ ਕੰਬਲ ਰੱਖਣ ਤੋਂ ਪਹਿਲਾਂ ਉਹਨਾਂ ਨੂੰ ਚਾਈਲਡ ਰਿਸਟ੍ਰੈਂਟ ਵਿੱਚ ਚੰਗੀ ਤਰ੍ਹਾਂ ਸੁਰੱਖਿਅਤ ਕਰਨਾ ਚਾਹੀਦਾ ਹੈ।

### ਵਧਣਾ

- ਬੱਚੇ ਘੱਟੋ-ਘੱਟ ਦੋ ਸਾਲ ਦੇ ਹੋਣ ਤੱਕ ਪਿੱਛੇ ਵੱਲ ਮੂੰਹ ਵਾਲੇ ਰਿਸਟ੍ਰੈਂਟ ਵਿੱਚ ਸਫ਼ਰ ਕਰਦੇ ਹੋਏ ਬਿਹਤਰ ਸੁਰੱਖਿਅਤ ਹੁੰਦੇ ਹਨ।
- ਜਦੋਂ ਛੋਟੇ ਬੱਚੇ ਰਿਸਟ੍ਰੈਂਟ ਨਿਰਮਾਤਾ ਦੁਆਰਾ ਸਿਫ਼ਾਰਸ਼ ਕੀਤੇ ਭਾਰ ਜਾਂ ਉਚਾਈ ਦੀਆਂ ਪਾਬੰਦੀਆਂ ਨੂੰ ਪਾਰ ਕਰਦੇ ਹਨ ਤਾਂ ਛੋਟੇ ਬੱਚੇ ਆਪਣੇ ਇਨਫੈਂਟ ਰਿਸਟ੍ਰੈਂਟ ਤੋਂ ਵੱਡੇ ਹੋ ਗਏ ਹਨ।

# ਪੜਾਅ 2

## ਸਾਹਮਣੇ ਮੂੰਹ ਵਾਲਾ ਚਾਈਲਡ ਰਿਸਟ੍ਰੈਂਟ




### ਇੰਸਟਾਲ ਕਰਨਾ

- ਜੇ ਤੁਹਾਡਾ ਚਾਈਲਡ ਰਿਸਟ੍ਰੈਂਟ ਇੱਕ ਟੀਥਰ ਸਟ੍ਰੈਪ ਦੇ ਨਾਲ ਆਉਂਦਾ ਹੈ, ਤਾਂ ਇਸਦੀ ਵਰਤੋਂ ਨਿਰਮਾਤਾ ਦੀਆਂ ਹਿਦਾਇਤਾਂ ਅਨੁਸਾਰ ਜ਼ਰੂਰ ਕੀਤੀ ਜਾਣੀ ਚਾਹੀਦੀ ਹੈ।
- ਜੇਕਰ ਤੁਹਾਡੇ ਵਾਹਨ ਵਿੱਚ ਟੀਥਰ ਸਟ੍ਰੈਪ ਨੂੰ ਜੋੜਨ ਲਈ ਐਂਕਰ ਪੁਆਇੰਟ ਨਹੀਂ ਹੈ, ਤਾਂ ਇੱਕ ਯੋਗਤਾ ਪ੍ਰਾਪਤ ਮਕੈਨਿਕ ਦੁਆਰਾ ਆਪਣੀ ਕਾਰ ਵਿੱਚ ਉਹ ਫਿੱਟ ਕਰਵਾਓ।

### ਵਰਤੋਂ ਕਰਨਾ

- ਹਾਰਨੈੱਸ ਦੇ ਮੋਢੇ ਦੀ ਸਹੀ ਉਚਾਈ ਲਈ ਨਿਰਮਾਤਾ ਦੀਆਂ ਹਿਦਾਇਤਾਂ ਦੀ ਜਾਂਚ ਕਰੋ।
- ਜੇਕਰ ਚੈਸਟ ਕਲਿੱਪ ਹੈ, ਤਾਂ ਯਕੀਨੀ ਬਣਾਓ ਕਿ ਇਹ ਤੁਹਾਡੇ ਬੱਚੇ ਦੀਆਂ ਕੱਛਾਂ ਦੇ ਪੱਧਰ 'ਤੇ ਲੱਗਿਆ ਹੈ।

### ਵਧਣਾ

- ਜਦੋਂ ਬੱਚੇ ਸਾਹਮਣੇ ਮੂੰਹ ਵਾਲੇ ਚਾਈਲਡ ਰਿਸਟ੍ਰੈਂਟ ਦੇ ਉਸ ਮਾਡਲ ਲਈ ਨਿਰਮਾਤਾ ਦੁਆਰਾ ਸਿਫ਼ਾਰਸ਼ ਕੀਤੇ ਭਾਰ ਜਾਂ ਉਚਾਈ ਦੀਆਂ ਪਾਬੰਦੀਆਂ ਨੂੰ ਪਾਰ ਕਰਦੇ ਹਨ ਤਾਂ ਉਹ ਆਪਣੇ ਚਾਈਲਡ ਰਿਸਟ੍ਰੈਂਟ ਤੋਂ ਵੱਡੇ ਹੋ ਗਏ ਹਨ।

# ਪੜਾਅ 3

## ਬੂਸਟਰ ਸੀਟ

### ਇੰਸਟਾਲ ਕਰਨਾ

- ਕਦੇ ਵੀ ਬੂਸਟਰ ਸੀਟ ਦੀ ਵਰਤੋਂ ਸਿਰਫ ਲੈਪ ਸੀਟ ਬੈਲਟ ਨਾਲ ਨਾ ਕਰੋ।



### ਵਰਤੋਂ ਕਰਨਾ

- ਜੇਕਰ ਤੁਹਾਡੇ ਕੋਲ ਇੱਕ ਬੂਸਟਰ ਸੀਟ ਹੈ ਜਿਸ ਵਿੱਚ ਇੱਕ ਬਿਲਟ-ਇਨਹਾਰਨੈੱਸ ਸਿਸਟਮ ਹੈ, ਤਾਂ ਹਾਰਨੈੱਸ ਦੀ ਵਰਤੋਂ ਉਦੋਂ ਤੱਕ ਕਰੋ ਜਦੋਂ ਤੱਕ ਬੱਚਾ ਨਿਰਮਾਤਾ ਦੀਆਂ ਹਿਦਾਇਤਾਂ ਵਿੱਚ ਦੱਸੀ ਉਚਾਈ ਜਾਂ ਭਾਰ ਸੀਮਾ ਤੱਕ ਨਹੀਂ ਪਹੁੰਚ ਜਾਂਦਾ, ਅਤੇ ਫਿਰ ਉਸਤੋਂ ਬਾਅਦ ਵਾਹਨ ਦੀ ਸੀਟ ਬੈਲਟ ਦੀ ਵਰਤੋਂ ਕਰੋ।
- ਜੇਕਰ ਤੁਹਾਡੀ ਬੂਸਟਰ ਸੀਟ ਵਿੱਚ ਸੀਟ ਬੈਲਟ ਗਾਈਡ ਹੈ, ਤਾਂ ਹਰ ਯਾਤਰਾ ਤੇ ਇਸਦੀ ਵਰਤੋਂ ਕਰਨਾ ਯਕੀਨੀ ਬਣਾਓ।
- ਐਡਜਸਟਬਲ ਹੈੱਡ ਰੈਸਟ ਵਾਲੀ ਪੂਰੀ ਬੂਸਟਰ ਸੀਟ ਤੁਹਾਡੇ ਬੱਚੇ ਲਈ ਬੂਸਟਰ ਕੁਸ਼ਨ ਨਾਲੋਂ ਬਿਹਤਰ ਸੁਰੱਖਿਆ ਪ੍ਰਦਾਨ ਕਰੇਗੀ ।
- ਆਪਣੇ ਬੱਚੇ ਨੂੰ ਬੂਸਟਰ ਸੀਟ ਤੋਂ ਬਾਹਰ ਨਾ ਝੁਕਣ ਲਈ ਉਤਸ਼ਾਹਿਤ ਕਰੋ।

### ਵਧਣਾ

ਸਭ ਤੋਂ ਵਧੀਆ ਅਭਿਆਸ ਸਿਫ਼ਾਰਸ਼ ਕਰਦਾ ਹੈ ਕਿ ਬੱਚੇ 148 ਸੈਂਟੀਮੀਟਰ ਲੰਬੇ ਹੋਣ ਤੱਕ ਰਿਸਟ੍ਰੈਂਟ ਜਾਂ ਬੂਸਟਰ ਸੀਟ ਵਿੱਚ ਰਹਿਣ।

ਇਹ ਕਿਵੇਂ ਜਾਣਨਾ ਹੈ ਕਿ ਤੁਹਾਡਾ ਬੱਚਾ ਬੂਸਟਰ ਸੀਟ ਤੋਂ ਬਾਲਗ ਸੀਟ ਬੈਲਟ ਤੱਕ ਜਾਣ ਲਈ ਕਦੋਂ ਤਿਆਰ ਹੈ:

- ਬੱਚਾ ਕਿਨਾਰੇ 'ਤੇ ਆਪਣੀਆਂ ਲੱਤਾਂ ਨੂੰ ਆਰਾਮ ਨਾਲ ਮੋੜ ਕੇ ਸੀਟ 'ਤੇ ਪਿੱਛੇ ਵੱਲ ਬੈਠ ਸਕਦਾ ਹੈ।
- ਸੀਟ ਬੈਲਟ ਉਨ੍ਹਾਂ ਦੀ ਗਰਦਨ ਦੇ ਸਾਹਮਣੇ ਨਹੀਂ ਹੈ।
- ਸੀਟ ਬੈਲਟ ਦਾ ਗੋਦੀ ਵਾਲਾ ਹਿੱਸਾ ਉਹਨਾਂ ਦੇ ਪੱਟਾਂ ਤੱਕ ਆਉਂਦਾ ਹੈ, ਨਾ ਕਿ ਉਹਨਾਂ ਦੇ ਪੇਟ ਤੋਂ ਲੰਘਦਾ ਹੈ।
- ਸਾਰੀ ਯਾਤਰਾ ਦੌਰਾਨ ਬੱਚਾ ਇਸੇ ਤਰ੍ਹਾਂ ਬੈਠਾ ਰਹੇ।

ਜੇਕਰ ਇਹਨਾਂ ਵਿੱਚੋਂ ਕਿਸੇ ਵੀ ਸਵਾਲ ਦਾ ਜਵਾਬ ਨਾ ਹੈ, ਤਾਂ ਤੁਹਾਡੇ ਬੱਚੇ ਨੂੰ ਆਪਣੇ ਆਪ ਨੂੰ ਸੁਰੱਖਿਅਤ ਰੱਖਣ ਲਈ ਇੱਕ ਬੂਸਟਰ ਸੀਟ ਦੀ ਵਰਤੋਂ ਕਰਨ ਦੀ ਲੋੜ ਹੈ।

# ਸਾਰੇ ਪੜਾਵਾਂ 'ਤੇ

## ਇੰਸਟਾਲ ਕਰਨਾ

ਪਿਛਲੀ ਸੀਟ 'ਤੇ ਚਾਈਲਡ ਰਿਸਟ੍ਰੈਂਟਸ ਲਾਜ਼ਮੀ ਤੌਰ ਤੇ ਸਥਾਪਤ ਕੀਤੇ ਜਾਣੇ ਚਾਹੀਦੇ ਹਨ।

## ਵਰਤੋਂ ਕਰਨਾ

ਹਾਰਨੈੱਸ ਜਾਂ ਬੈਲਟ (ਪੜਾਅ 'ਤੇ ਨਿਰਭਰ ਕਰਦੇ ਹੋਇਆਂ) ਤੁਹਾਡੇ ਬੱਚੇ ਦੇ ਅਗਲੇ ਪਾਸੇ ਚੰਗੀ ਤਰ੍ਹਾਂ ਫਿੱਟ ਹੋਣੀ ਚਾਹੀਦੀ ਹੈ ਅਤੇ ਹਮੇਸ਼ਾ ਮੋਢੇ ਦੇ ਉੱਪਰੋਂ ਜਾਣੀ ਚਾਹੀਦੀ ਹੈ।

## ਵਧਣਾ

ਭਾਰ ਅਤੇ ਉਚਾਈ ਸੀਮਾਵਾਂ ਲਈ ਨਿਰਮਾਤਾ ਵੱਲੋਂ ਦੱਸੇ ਅਨੁਸਾਰ ਸਿਫ਼ਾਰਸ਼ਾਂ ਦੀ ਪਾਲਣਾ ਕਰੋ।



# ਚਾਈਲਡ ਰਿਸਟ੍ਰੈਂਟ ਟੈਕਨੀਸ਼ੀਅਨ

ਰਿਟੇਲਰਾਂ ਅਤੇ ਹੋਰ ਸੰਸਥਾਵਾਂ ਕੋਲ ਪ੍ਰਮਾਣਿਤ ਚਾਈਲਡ ਰਿਸਟ੍ਰੈਂਟ ਟੈਕਨੀਸ਼ੀਅਨ ਹੋ ਸਕਦੇ ਹਨ ਜੋ ਮਦਦ ਕਰ ਸਕਦੇ ਹਨ।

**nzta.govt.nz/childrestraints**



# ਚਾਈਲਡ ਰਿਸਟ੍ਰੈਂਟਸ ਅਤੇ ਏਅਰਬੈਗ

ਏਅਰਬੈਗ ਦੀ ਸਥਿਤੀ ਦੇ ਸਬੰਧ ਵਿੱਚ ਰਿਸਟ੍ਰੈਂਟ ਨੂੰ ਕਿੱਥੇ ਸਥਾਪਤ ਕਰਨਾ ਹੈ ਇਸ ਬਾਰੇ ਸਲਾਹ ਲਈ ਹਮੇਸ਼ਾਂ ਆਪਣੇ ਵਾਹਨ ਦੇ ਮੈਨੂਅਲ ਅਤੇ ਚਾਈਲਡ ਰਿਸਟ੍ਰੈਂਟ ਨਿਰਮਾਤਾ ਦੀਆਂ ਹਿਦਾਇਤਾਂ ਦੀ ਜਾਂਚ ਕਰੋ।

## ਸਾਹਮਣੇ ਵਾਲੇ ਏਅਰਬੈਗ

- ਜੇਕਰ ਸਾਹਮਣੇ ਵਾਲੀ ਸੀਟ 'ਤੇ ਐਕਟਿਵ ਏਅਰਬੈਗ ਲੱਗਿਆ ਹੈ ਤਾਂ ਪਿੱਛੇ ਵੱਲ ਮੂੰਹ ਵਾਲੇ ਚਾਈਲਡ ਰਿਸਟ੍ਰੈਂਟਸ ਨੂੰ ਹਮੇਸ਼ਾ ਲਾਜਮੀ ਤੌਰ ਤੇ ਪਿਛਲੀ ਸੀਟ 'ਤੇ ਰੱਖਿਆ ਜਾਣਾ ਚਾਹੀਦਾ ਹੈ।
- ਜੇਕਰ ਕੋਈ ਵੱਡਾ ਬੱਚਾ ਅਗਲੀ ਸੀਟ ਤੇ ਬੈਠ ਹੀ ਗਿਆ ਹੈ, ਤਾਂ ਵਾਹਨ ਦੀ ਸੀਟ ਨੂੰ ਜਿੰਨਾ ਸੰਭਵ ਹੋ ਸਕੇ ਪਿੱਛੇ ਲੈ ਜਾਓ।

## ਸਾਈਡ ਵਾਲੇ ਏਅਰਬੈਗ

- ਜੇਕਰ ਤੁਸੀਂ ਵਾਹਨ ਦੇ ਦਰਵਾਜ਼ੇ ਦੇ ਬਿਲਕੁਲ ਨਾਲ ਹੀ ਇੱਕ ਚਾਈਲਡ ਰਿਸਟ੍ਰੈਂਟ ਲਗਾਉਣਾ ਹੈ, ਤਾਂ ਇਸ ਗੱਲ ਨੂੰ ਯਕੀਨੀ ਬਣਾਉ ਕਿ ਚਾਈਲਡ ਰਿਸਟ੍ਰੈਂਟ ਅਤੇ ਦਰਵਾਜ਼ੇ ਦੇ ਵਿੱਚਕਾਰ ਕੋਈ ਖੁੱਲੀ ਚੀਜ਼ਾਂ ਨਾ ਪਈਆਂ ਹੋਣ।




Te Kāwanatanga o Aotearoa
New Zealand Government

## ਆਮ ਸੁਝਾਅ

- ਚਾਈਲਡ ਰਿਸਟ੍ਰੈਂਟ ਖਰੀਦਣ ਜਾਂ ਕਿਰਾਏ 'ਤੇ ਲੈਣ ਤੋਂ ਪਹਿਲਾਂ, ਯਕੀਨੀ ਬਣਾਓ ਕਿ ਇਹ ਤੁਹਾਡੇ ਵਾਹਨ ਦੇ ਅਨੁਕੂਲ ਹੈ ਅਤੇ ਤੁਹਾਡੇ ਬੱਚੇ ਲਈ ਢੁਕਵਾਂ ਹੈ।
- ਹਮੇਸ਼ਾ ਨਿਰਮਾਤਾ ਦੀਆਂ ਹਿਦਾਇਤਾਂ ਦੀ ਪਾਲਣਾ ਕਰੋ।
- ਤੁਹਾਡੇ ਚਾਈਲਡ ਰਿਸਟ੍ਰੈਂਟ ਲਈ ਪਿਛਲੀ ਸੀਟ ਸਭ ਤੋਂ ਸੁਰੱਖਿਅਤ ਥਾਂ ਹੈ।
- ਜਾਂਚ ਕਰੋ ਕਿ ਤੁਹਾਡਾ ਚਾਈਲਡ ਰਿਸਟ੍ਰੈਂਟ ਸੀਟ ਦੇ ਨਾਲ ਮਜ਼ਬੂਤੀ ਨਾਲ ਫਿੱਟ ਹੈ ਅਤੇ ਹਿੱਲ ਨਹੀਂ ਸਕਦਾ। ਜੇ ਤੁਹਾਡਾ ਰਿਸਟ੍ਰੈਂਟ ਚੰਗੀ ਤਰ੍ਹਾਂ ਫਿੱਟ ਨਹੀਂ ਹੁੰਦਾ, ਤਾਂ ਰਜਿਸਟਰਡ ਚਾਈਲਡ ਰਿਸਟ੍ਰੈਂਟ ਟੈਕਨੀਸ਼ੀਅਨ ਤੋਂ ਸਲਾਹ ਲਓ।

## ਹੋਰ ਜਾਣਕਾਰੀ

**ਚਾਈਲਡ ਰਿਸਟ੍ਰੈਂਟਸ ਨੂੰ ਸੁਰੱਖਿਅਤ ਢੰਗ ਨਾਲ ਕਿਵੇਂ ਵਰਤਣਾ ਹੈ ਇਸ ਬਾਰੇ ਹੋਰ ਜਾਣਕਾਰੀ ਅਤੇ ਮਦਦਗਾਰ ਵੀਡੀਓਜ਼ ਲਈ, ਅਤੇ ਆਪਣੇ ਸਥਾਨਕ ਚਾਈਲਡ ਰਿਸਟ੍ਰੈਂਟ ਟੈਕਨੀਸ਼ੀਅਨ ਨੂੰ ਲੱਭਣ ਲਈ, ਇੱਥੇ ਜਾਉ:**

**nzta.govt.nz/childrestraints**
**plunket.org.nz**
**safekids.org.nz**

23-EX-129